# ਸਤੁ ਇਸੁ ਪਰਾਇਆ

ਸਵੈ-ਜੀਵਨੀ



ਗੁਰਦੀਪ ਸਿੰਘ ਨਿਦੌਸਰਾ

# ਸਭੁ ਦੇਸੁ ਪਰਾਇਆ

(ਸਵੈ-ਜੀਵਨੀ)

# ਸਭੁ ਦੇਸੁ ਪਰਾਇਆ

(ਸਵੈ-ਜੀਵਨੀ)

ਗੁਰਦੀਪ ਸਿੰਘ ਨਿਦੋਸਰਾ

GRACIOUS
BOOKS

© Writer

Sabh Desh Paraya

by

Gurdeep Singh Nidosra
E-mail: gurdeepsra@gmail.com

ISBN: 978-81-956252-8-4
Year: 1st Edition, 2022
Price: 199

Published By
Gracious Books
Office: #13 Phase-1, Urban Estate, Patiala
SCO: 23 Shalimar Plaza
Opp. Punjabi Uni. Patiala.
Ph.- 91-175-5017642, 91-175-5007643
graciousbooks@yahoo.co.in
www.graciousbooks.in

Disclaimer: No part of this book may be reproduced, or stored in a retrieval system, or transmitted in any form or by any means, electronic, mechanical, photocopying, recording, or otherwise, without express written permission of the publisher.

---

Printed At
D. K. Fine Art PVT. LTD.
New Delhi

ਚੁੱਲ੍ਹੇ ਪਿੱਛੇ
ਪ੍ਰਦੇਸਾਂ ਦੇ ਰਾਹਾਂ ਦੀ ਗਰਦਿਸ਼
ਪੈਰੀਂ ਬੰਨੀਂ ਉੱਭੜ ਸਫਰਾਂ ਵਿਚ ਗੁਆਚ ਗਏ
ਤੇ ਮੰਜ਼ਿਲ ਪਹੁੰਚ ਕੇ ਫਿਰ ਖੌਰੇ
ਕਿਹੜੇ ਸਫਰਾਂ ਵਿਚ
ਰੋਜ਼ ਗੁਆਚ ਜਾਣ ਵਾਲਿਆਂ ਦੇ ਨਾਂ।

ਵਿਸ਼ੇਸ਼ ਧੰਨਵਾਦ
Rethink Foundation
www.rethinkfoundation.net

# ਪਾਠਕਾਂ ਹਿਤ

ਹਰ ਇਨਸਾਨ ਇਕ ਕਹਾਣੀ ਹੁੰਦੀ ਹੈ।

... ਤੇ ਹਰ ਕਹਾਣੀ ਦਿਲਚਸਪ ਹੁੰਦੀ ਹੈ। ਬੱਸ ਕਹਾਣੀ ਦੱਸਣ ਦੀ ਲੋੜ ਹੈ। ਪੰਜਾਬ ਦੇ ਪ੍ਰਵਾਸ ਦੀ ਗੁੰਝਲਦਾਰ ਕਹਾਣੀ ਦਾ ਮੈਂ ਵੀ ਇਕ ਪਾਤਰ ਹਾਂ ਤੇ ਇਹ ਮੇਰੀ ਕਹਾਣੀ ਹੈ।

ਜਦੋਂ ਮੈਂ ਘਰੋਂ ਪ੍ਰਦੇਸਾਂ ਨੂੰ ਟੁਰਿਆ ਸੀ ਤਾਂ ਦੁਨੀਆ ਦੇ ਸਖ਼ਤ ਤੇ ਅੱਖੜ ਤਜਰਬਿਆਂ ਤੋਂ ਬਿਲਕੁਲ ਕੋਰਾ ਸਾਂ। ਅੱਜ ਦਹਾਕਿਆਂ ਬਾਅਦ ਕੁਝ ਹੋਰ ਨਹੀਂ ਤਾਂ ਤਲਖ਼ ਹਕੀਕਤਾਂ ਅਤੇ ਖੱਟੇ-ਮਿੱਠੇ ਹਾਦਸਿਆਂ ਦੀ ਚੰਗੇਰ ਹੈ ਮੇਰੀ ਕਹਾਣੀ।

ਮੌਤ ਨਾਲ ਕੌਡੀਆਂ ਪਾਣ ਦੇ ਅਲਬੇਲੇ ਜਿਹੇ ਫੈਸਲੇ, ਦੂਰ-ਦੁਰੇਡੇ ਸਮਾਜਾਂ ਤੇ ਸਭਿਆਚਾਰਾਂ ਵਿਚ ਘੁਲਣ-ਮਿਲਣ ਦੇ ਬਿਰਤਾਂਤ। ਥਾਂ-ਥਾਂ 'ਤੇ ਅੜਨ-ਭਿੜਨ ਵਾਲੇ ਵਿਲਨ ਵੀ ਮਿਲੇ। ਠਿੱਬੀਆਂ ਮਾਰਨ ਵਾਲੇ ਯਾਰ-ਬੇਲੀ ਤੇ ਬੇਲਿਆਂ ਦੀ ਭਟਕਣਾ ਤੇ ਅਵਾਰਗੀ ਵੀ ਹੈ ਮੇਰੀ ਕਹਾਣੀ ਵਿਚ।

ਪੰਜਾਬ ਤੋਂ ਬਾਹਰ ਓਪਰੀਆਂ ਧਰਤੀਆਂ 'ਤੇ ਹੱਡੀਂ-ਹੰਢਾਏ ਸਫਰਾਂ ਦੀ ਇਹ ਦਾਸਤਾਨ ਮੇਰੇ ਆਪਣੇ ਵਤਨ ਵਾਸੀਆਂ ਲਈ ਹੈ, ਜੋ ਸ਼ਾਇਦ ਮੇਰੇ ਵਾਂਗ ਹੀ ਕਿਸੇ ਮਿਰਗ-ਤ੍ਰਿਸ਼ਨਾ ਦੇ ਪਿੱਛੇ ਦੌੜਦੇ ਹੋਏ ਪ੍ਰਦੇਸੀ ਹੋਣ ਦੇ ਰੰਗਮਈ ਸੁਪਨੇ ਵੇਖ ਰਹੇ ਹੋਣ।

ਬਚਪਨ ਤੋਂ ਹੀ ਸ਼ਾਇਦ ਮੇਰੇ ਪੈਰੀਂ ਗਰਦਸ਼ ਲਿਖੀ ਸੀ ਕਿ ਮਨ ਸਦਾ ਹੀ ਦਿੱਸਹੱਦਿਆਂ ਤੋਂ ਪਾਰ ਕੀ ਹੋ ਸਕਦਾ ਦੇ ਸਵਾਲ ਦੇ ਕੌਲੇ ਕੱਛਦਾ ਰਹਿੰਦਾ ਸੀ। ਭਟਕਣਾ ਦੇ ਮਨ ਵਿੱਚ ਉੱਗੇ ਬੀਜਾਂ ਦਾ ਲੇਖਾ-ਜੋਖਾ ਨਿੱਕੜੇ ਪੈਰਾਂ ਦੀਆਂ ਛਾਪਾਂ ਵੱਲ ਵੀ ਲੈ ਗਿਆ ਜੋ ਦੋਸਤ ਦਰਿਆਵਾਂ ਦੇ ਕੰਢੇ ਕਿਤੇ ਪਿੱਛੇ ਰਹਿ ਗਿਆ ਸੀ। ਮੈਨੂੰ ਲੱਗਦਾ ਕਿ ਇਹ ਸਾਡੇ ਸਭ ਦੇ ਹੀ ਪ੍ਰਦੇਸੀ ਮਨ ਦਾ ਸਫਰ ਹੈ। ਮੈਂ ਆਪਣੇ ਮਨ ਵਿਚ ਵੱਸੇ ਪ੍ਰਦੇਸੀ ਭਾਵ ਅਤੇ ਪ੍ਰਦੇਸੀਂ ਵੱਸੇ ਸਰੀਰ ਦੇ ਅਨੁਭਵ ਹੀ ਸੁਣਾਏ ਹਨ। ਇਹ ਭਾਵ ਅਨੁਭਵ ਜਿਸ ਦੇ ਵੀ ਹਾਣ ਦੇ ਹੋਣ ਇਹ ਉਸੇ ਦੇ ਹਨ।